
## ਪਾਠ -3

## ਛਿੰਝ ਛਰਾਹਾਂ ਦੀ (ਲੇਖਕ-ਅਮਰੀਕ ਸਿੰਘ ਦਿਆਲ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. 'ਛਿੰਝ ਛਰਾਹਾਂ ਦੀ' ਦਾ ਮੇਲਾ ਕਿੱਥੇ ਅਤੇ ਕਦੋਂ ਲੱਗਦਾ ਹੈ? ਇਸ ਮੇਲੇ ਦਾ ਇਹ ਨਾਂ ਕਿਵੇਂ ਪਿਆ?**

ਉੱਤਰ : 'ਛਿੰਝ ਛਰਾਹਾ ਦੀ' ਦਾ ਮੇਲਾ ਜ਼ਿਲ੍ਹਾ ਹੁਸ਼ਿਆਰਪੁਰ ਦੀ ਤਹਿਸੀਲ ਗੜ੍ਹਸ਼ੰਕਰ ਤੋਂ ਚੜ੍ਹਦੇ ਪਾਸੇ ਸ਼ਿਵਾਲਿਕ ਦੀਆਂ ਪਹਾੜੀਆਂ ਦੀ ਗੋਦ ਵਿੱਚ ਵਸੇ 'ਬੀਤ' ਦੇ ਇਲਾਕੇ ਦੇ ਪਿੰਡ ਅਚਲਪੁਰ ਵਿਖੇ ਹਰ ਸਾਲ ਮੱਘਰ ਮਹੀਨੇ ਦੇ ਜੇਠੇ (ਪਹਿਲੇ) ਐਤਵਾਰ ਤੋਂ ਸ਼ੁਰੂ ਹੋ ਕੇ ਚਾਰ ਦਿਨ ਚਲਦਾ ਹੈ। ਛੇ ਰਾਹਾਂ ਦਾ ਕੇਂਦਰ-ਬਿੰਦੂ ਹੋਣ ਕਰਕੇ ਇਸ ਮੇਲੇ ਦਾ ਨਾਂ 'ਛਿੰਝ ਛਰਾਹਾਂ ਦੀ' ਪੈ ਗਿਆ।

**ਪ੍ਰਸ਼ਨ ਅ. ਇਸ ਮੇਲੇ ਵਿੱਚ ਕਿਹੜੀਆਂ-ਕਿਹੜੀਆਂ ਰਸਮਾਂ ਨਿਭਾਈਆਂ ਜਾਂਦੀਆਂ ਹਨ?**

ਉੱਤਰ : ਇਸ ਮੇਲੇ ਵਿੱਚ ਪਹੁੰਚਣ ਵਾਲ਼ੇ ਲੋਕ ਸਭ ਤੋਂ ਪਹਿਲਾਂ ਸਿੱਧ ਬਾਬਾ ਬਾਲਕ ਨਾਥ ਦੇ ਮੰਦਰ ਵਿਖੇ ਮੱਥਾ ਟੇਕਦੇ ਹਨ, ਮੰਨਤਾਂ ਮੰਨਦੇ ਤੇ ਸੁੱਖਣਾ ਲਾਹੁੰਦੇ ਹਨ। ਮੇਲੇ ਵਾਲ਼ੇ ਐਤਵਾਰ ਤੋਂ ਮਹੀਨਾ ਪਹਿਲਾਂ ਚਾਰ ਜੱਗ ਕਰਾਏ ਜਾਂਦੇ ਹਨ। ਘਰਾਂ ਵਿੱਚ ਮਾਹਾਂ ਦੀ ਦਾਲ ਜ਼ਰੂਰ ਬਣਦੀ ਹੈ।

**ਪ੍ਰਸ਼ਨ ੲ. ਕਿਰਸਾਣੀ ਜੀਵਨ ਅਤੇ ਆਮ ਲੋਕਾਂ ਦਾ ਇਸ ਮੇਲੇ ਨਾਲ਼ ਸੰਬੰਧ ਕਿਵੇਂ ਜੁੜਿਆ ਹੋਇਆ ਹੈ?**

ਉੱਤਰ : ਮੇਲੇ ਦੇ ਦਿਨਾਂ ਵਿੱਚ ਕਿਰਸਾਣ ਮੱਕੀ ਦੀ ਸੰਭਾਲ ਅਤੇ ਕਣਕ ਦੀ ਬਿਜਾਈ ਦਾ ਕੰਮ ਖ਼ਤਮ ਕਰ ਕੇ ਮੇਲੇ ਵਿੱਚ ਹਿੱਸਾ ਲੈਣ ਲਈ ਵਿਹਲੇ ਹੁੰਦੇ ਹਨ। ਉੱਥੇ ਪੁਰਾਣੇ ਸਮੇਂ ਵਿੱਚ ਇਸ ਮੇਲੇ ਵਿੱਚ ਬਹੁਤ ਸਾਰੀਆਂ ਚੀਜਾਂ ਦਾ ਬਜ਼ਾਰ ਲੱਗਣ ਕਰਕੇ ਲੋਕ ਇਥੋਂ ਸਾਲ ਭਰ ਜੋਗਾ ਸਮਾਨ ਖਰੀਦ ਲੈਂਦੇ ਸਨ।

**ਪਸ਼ਨ ਸ. ਸਮੇਂ ਦੇ ਬੀਤਣ ਨਾਲ਼ ਇਸ ਮੇਲੇ ਵਿੱਚ ਕਿਹੜਾ ਅੰਤਰ ਦੇਖਣ ਨੂੰ ਮਿਲਿਆ?**

ਉੱਤਰ : ਸਮੇਂ ਦੇ ਬੀਤਣ ਨਾਲ਼ ਇਸ ਮੇਲੇ ਦਾ ਰੰਗ ਬਦਲ ਗਿਆ ਹੈ। ਹੁਣ ਇਸ ਵਿੱਚ ਪੁਰਾਣੀ ਤਕਨੀਕ ਵਾਲ਼ੀਆਂ ਫੋਟੋਗ੍ਰਾਫ਼ਰਾਂ ਦੀਆਂ ਦੁਕਾਨਾਂ, ਬਲਦਾਂ ਦੀ ਲਗਦੀ ਭਾਰੀ ਮੰਡੀ, ਸ਼ਿੰਗਾਰੇ ਹੋਏ ਊਠਾਂ ਦੀ ਮੰਡੀ ਆਦਿ ਚੀਜ਼ਾਂ ਦੇਖਣ ਨੂੰ ਨਹੀਂ ਮਿਲਦੀਆਂ।


**ਪ੍ਰਸ਼ਨ ਹ. ਪੁਰਾਣੇ ਸਮਿਆਂ ਵਿੱਚ ਇਸ ਮੇਲੇ ਪ੍ਰਤੀ ਲੋਕਾਂ ਦਾ ਉਤਸ਼ਾਹ ਕਿਹੋ-ਜਿਹਾ ਹੁੰਦਾ ਸੀ?**

ਉੱਤਰ : ਛਿੰਝ ਛਰਾਹਾਂ ਦੀ ਮੇਲੇ ਨੂੰ ਮਨਾਉਣ ਲਈ ਆਲ਼ੇ-ਦੁਆਲ਼ੇ ਦੇ ਪਿੰਡਾਂ ਵਿੱਚ ਕਈ-ਕਈ ਦਿਨ ਪਹਿਲਾਂ ਤਿਆਰੀਆਂ ਸ਼ੁਰੂ ਹੋ ਜਾਂਦੀਆਂ ਸਨ। ਕੱਚੇ ਘਰਾਂ ਨੂੰ ਲਿੱਪਿਆ-ਪੋਚਿਆ ਅਤੇ ਬੈਠਕਾਂ ਨੂੰ ਸ਼ਿੰਗਾਰਿਆ ਜਾਂਦਾ ਸੀ। ਮੇਲੇ ਤੋਂ ਪਹਿਲਾਂ ਹੀ ਮਹਿਮਾਨਾਂ ਦਾ ਆਉਣਾ ਸ਼ੁਰੂ ਹੋ ਜਾਂਦਾ ਸੀ । ਪ੍ਰਾਹੁਣਚਾਰੀ ਲਈ ਲੋਕ ਪੱਬਾਂ ਭਾਰ ਹੋ ਜਾਂਦੇ ਸਨ।

**ਪ੍ਰਸ਼ਨ ਕ. 'ਛਰਾਹਾਂ ਦੀ ਛਿੰਝ' ਮੇਲੇ ਦਾ ਦ੍ਰਿਸ਼ ਵਰਣਨ ਕਰੋ ।**

ਉੱਤਰ : ਇਸ ਮੇਲੇ ਵਿੱਚ ਸ਼ਾਮਲ ਹੋਣ ਲਈ ਪੰਜਾਬ ਤੇ ਹਿਮਾਚਲ ਦੇ ਲੋਕ ਦੂਰੋਂ-ਦੂਰੋਂ ਪਹੁੰਚਦੇ ਹਨ। ਅਸਮਾਨ ਛੂੰਹਦੇ ਚੰਡੋਲ ਮੇਲੇ ਦਾ ਸ਼ਿੰਗਾਰ ਹੁੰਦੇ ਹਨ। ਮੁਟਿਆਰਾਂ ਦੀ ਮੁਨਿਆਰੀ ਦੀਆਂ ਦੁਕਾਨਾਂ 'ਤੇ ਭੀੜ ਜੁੜੀ ਹੁੰਦੀ ਹੈ ਤੇ ਗੱਭਰੂ ਟੋਲੀਆਂ ਬਣਾ ਕੇ ਘੁੰਮ ਰਹੇ ਹੁੰਦੇ ਹਨ। ਪਿਛਲੇ ਡੇਢ ਕੁ ਦਹਾਕੇ ਤੋਂ ਤਿੰਨ-ਰੋਜ਼ਾ ਖੇਡ ਤੇ ਸੱਭਿਆਚਾਰਕ ਮੇਲਾ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ ।

### 2. ਔਖੇ ਸ਼ਬਦਾਂ ਦੇ ਅਰਥ :



| | | |
|---|---|---|
| ਸ਼ੁਕੀਨ | : | ਸ਼ੌਕੀ, ਬਾਂਕੇ, ਬਣ-ਠਣ ਕੇ ਰਹਿਣ ਵਾਲ਼ੇ |
| ਟੋਟਕਾ | : | ਜਾਦੂ-ਅਸਰ ਗੀਤ |
| ਵਿਰਾਸਤੀ | : | ਉਹ ਚੀਜ਼, ਜੋ ਪੁਰਖਿਆਂ ਤੋਂ ਮਿਲੀ ਹੋਵੇ |
| ਮੰਨਤ | : | ਕਿਸੇ ਕਾਮਨਾ ਪੂਰਤੀ ਲਈ ਸੁੱਖੀ ਸੁੱਖ, ਮਨੌਤ |
| ਦਰਪਣ | : | ਮੂੰਹ ਦੇਖਣ ਵਾਲ਼ਾ ਸ਼ੀਸ਼ਾ |
| ਮਕਬੂਲੀਅਤ | : | ਪ੍ਰਸਿੱਧੀ, ਪ੍ਰਵਾਨਗੀ, ਮਸ਼ਹੂਰੀ |
| ਮੁਹਾਲ | : | ਔਖਾ, ਕਠਿਨ, ਮੁਸ਼ਕਲ |
| ਮਹਿਜ਼ | : | ਕੇਵਲ, ਸਿਰਫ਼ |
| ਬਰਕਰਾਰ | : | ਕਾਇਮ, ਸਥਿਰ, ਜਿਉਂ ਦਾ ਤਿਉਂ |
| ਸਰਸ਼ਾਰ | : | ਭਰਪੂਰ, ਭਰਿਆ ਹੋਇਆ |

### 3. ਹੇਠ ਲਿਖੇ ਸ਼ਬਦਾਂ ਦੀ ਵਾਕਾਂ ਵਿੱਚ ਵਰਤੋਂ :

1. **ਘੁੱਗ ਵਸਦੇ** (ਸੰਘਣੀ ਅਬਾਦੀ ਵਾਲ਼ੇ) - ਅੱਤਵਾਦ ਦੇ ਦੌਰ ਨੇ ਘੁੱਗ ਵਸਦੇ ਪਿੰਡਾਂ ਨੂੰ ਉਜਾੜ ਦਿੱਤਾ।
2. **ਆਪ-ਮੁਹਾਰੇ** (ਬੇਕਾਬੂ ਹੋਏ)- ਨੌਜਵਾਨ ਆਪ-ਮੁਹਾਰੇ ਮੇਲਿਆਂ ਵਿੱਚ ਪਹੁੰਚ ਜਾਂਦੇ ਹਨ।

3. **ਸਸ਼ੋਭਿਤ** (ਸੁੰਦਰ, ਸਜਿਆ ਹੋਇਆ)- ਫ਼ਰੀਦਕੋਟ ਵਿਚਕਾਰ ਬਾਬਾ ਸ਼ੇਖ ਫ਼ਰੀਦ ਗੁਰੂਦੁਆਰਾ ਸੁਸ਼ੋਭਿਤ ਹੈ ।
4. **ਨਤਮਸਤਕ ਹੋਣਾ** (ਸਤਿਕਾਰ ਨਾਲ਼ ਸਿਰ ਝੁਕਾ ਕੇ ਖੜੇ ਹੋਣਾ)- ਸ੍ਰੀ ਹਰਿਮੰਦਰ ਸਾਹਿਬ ਵਿੱਚ ਹਰ ਰੋਜ਼ ਹਜ਼ਾਰਾਂ ਸ਼ਰਧਾਲੂ ਨਤਮਸਤਕ ਹੁੰਦੇ ਹਨ ।
5. **ਸਰਸ਼ਾਰ ਕਰ ਦੇਣਾ** (ਅਨੰਦ ਨਾਲ਼ ਭਰ ਦੇਣਾ)- ਸੱਭਿਆਚਾਰਕ ਮੇਲੇ ਰੂਹ ਨੂੰ ਸਰਸ਼ਾਰ ਕਰ ਦਿੰਦੇ ਹਨ ।
6. **ਪ੍ਰਦਰਸ਼ਨੀ** (ਨੁਮਾਇਸ਼)- ਬਾਬਾ ਫ਼ਰੀਦ ਮੇਲੇ ਵਿੱਚ ਪੁਰਾਤਨ ਸਮਾਨ ਦੀ ਪ੍ਰਦਰਸ਼ਨੀ ਲੱਗਦੀ ਹੈ।
7. **ਪੱਬਾਂ ਭਾਰ ਹੋਣਾ** (ਤਤਪਰ ਹੋਣਾ)- ਸੰਸਾਰ ਕੱਪ ਜਿੱਤ ਕੇ ਆਈ ਟੀਮ ਦੇ ਸੁਆਗਤ ਲਈ ਪੂਰਾ ਦੇਸ਼ ਪੱਬਾਂ ਭਾਰ ਸੀ।
8. **ਹਫ਼ੜਾ-ਦਫ਼ੜੀ** (ਘਬਰਾ ਕੇ ਜਿੱਧਰ ਮੂੰਹ ਆਏ ਦੌੜਨਾ)- ਮੇਲੇ ਵਿੱਚ ਲੜਾਈ ਹੋਣ ਕਾਰਨ ਹਫ਼ੜਾ-ਦਫ਼ੜੀ ਮੱਚ ਗਈ ।
9. **ਅਸਮਾਨ ਛੂੰਹਦੇ** (ਬਹੁਤ ਉੱਚੇ)- ਵੱਡੇ ਸ਼ਹਿਰਾਂ ਵਿੱਚ ਅਸਮਾਨ ਛੂੰਹਦੀਆਂ ਬਿਲਡਿੰਗਾਂ ਬਣੀਆਂ ਹੋਈਆਂ ਹਨ ।
10. **ਦੂਣ-ਸਵਾਇਆ ਹੋਣਾ** (ਬਹੁਤ ਵਧ ਜਾਣਾ )- ਮੇਲੇ ਵਿੱਚ ਝੂਲੇ ਲੱਗੇ ਦੇਖ ਬੱਚਿਆਂ ਦਾ ਚਾਅ ਦੂਣ-ਸਵਾਇਆ ਹੋ ਜਾਂਦਾ ਹੈ।